# DCA ਦੇ ਲੇਬਰ ਨੀਤੀ ਅਤੇ ਮਿਆਰਾਂ ਦੇ ਦਫਤਰ (DCA's Office of Labor Policy & Standards, (OLPS)) ਕਰਮਚਾਰੀਆਂ ਲਈ ਸ਼ਹਿਰ ਦੀ ਸਰਕਾਰ ਵਿੱਚ ਇੱਕ ਸਮਰਪਿਤ ਆਵਾਜ਼ ਹੈ। ਅਸੁਰੱਖਿਅਤ ਕਾਮਿਆਂ ਦੀ ਮਦਦ ਨਾਲ ਚਾਰਜ ਕੀਤਾ ਗਿਆ, OLPS ਕੰਮ ਦੇ ਸਥਾਨ 'ਤੇ ਪਰਵਾਸੀਆਂ, ਵੱਖ-ਵੱਖ ਚਮੜੀ ਵਾਲੇ ਲੋਕਾਂ, ਅਤੇ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ' ਤੇ ਧਿਆਨ ਕੇਂਦਰਿਤ ਕਰਨ ਲਈ ਸਾਡੇ ਜਨਾਦੇਸ਼ ਨੂੰ ਸਵੀਕਾਰ ਕਰਦਾ ਹੈ।

OLPS:

- ਮੁੱਖ ਨਗਰਪਾਲਿਕਾ ਦੇ ਕੰਮ ਦੀ ਥਾਂ ਦੇ ਕਾਨੂੰਨਾਂ ਨੂੰ **ਲਾਗੂ ਕਰਦਾ ਹੈ।**
- ਅਸਲੀ ਖੋਜ, ਆਊਟਰੀਚ ਅਤੇ ਸਿੱਖਿਆ ਦਾ **ਆਯੋਜਨ ਕਰਦਾ ਹੈ।**
- ਅਜਿਹੀਆਂ ਨੀਤੀਆਂ ਦਾ **ਵਿਕਾਸ ਕਰਦਾ ਹੈ** ਜੋ ਨਿਊ ਯਾਰਕ ਸਿਟੀ ਦੀ ਵਿਕਸਿਤ ਹੁੰਦੀ ਅਰਥ-ਵਿਵਸਥਾ ਅਤੇ ਕਾਰਜਬਲ ਲਈ ਪ੍ਰਤੀਕਿਰਿਆ ਕਰਦੀਆਂ ਹਨ।

NYC Consumer Affairs

*The NYC Department of Consumer Affairs (DCA) ਸੰਪੰਨ ਭਾਈਚਾਰੇ ਦੀ ਸਿਰਜਨਾ ਲਈ ਨਿਊ ਯਾਰਕ ਦੇ ਲੋਕਾਂ ਦੇ ਰੋਜ਼ਾਨਾ ਦੇ ਆਰਥਕ ਜੀਵਨ ਦੀ ਰੱਖਿਆ ਅਤੇ ਸੁਧਾਰ ਕਰਦਾ ਹੈ। ਲੇਬਰ ਨੀਤੀ ਅਤੇ ਮਿਆਰਾਂ ਬਾਰੇ ਦਫਤਰ (Office of Labor Policy & Standards) ਦੇ ਕੰਮਕਾਰ ਰਾਹੀਂ, DCA ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵਿੱਤੀ ਸਿਹਤ ਅਤੇ ਰੋਜ਼ਗਾਰ ਅਤੇ ਜੀਵਨ ਵਿੱਚ ਸੰਤੁਲਨ ਪ੍ਰਾਪਤ ਕਰਨ ਲਈ ਉਹਨਾਂ ਲਈ ਲੋੜੀਂਦੇ ਸਾਧਨ ਅਤੇ ਵਸੀਲੇ ਮੁਹੱਈਆ ਕਰਵਾ ਕੇ ਉਹਨਾਂ ਨੂੰ ਕਾਬਲ ਬਣਾਉਂਦਾ ਹੈ।*

Printed on 30% post consumer recycled paper

06/2017

# ਵਸੀਲੇ

## ਨਮੂਨਾ ਇਕਰਾਰਨਾਮੇ

DCA ਨੇ ਅਜਿਹੇ ਨਮੂਨਾ ਇਕਰਾਰਨਾਮੇ ਬਣਾਏ ਹਨ ਜੋ ਕਾਨੂੰਨ ਦੀ ਪਾਲਣਾ ਕਰਦੇ ਹਨ ਅਤੇ ਜਿੰਨਾਂ ਦੀ ਭਰਤੀ ਕਰਨ ਵਾਲੀਆਂ ਪਾਰਟੀਆਂ ਅਤੇ ਫ੍ਰੀਲਾਂਸ ਵਰਕਰ ਸਮੀਖਿਆ ਕਰ ਸਕਦੇ ਹਨ। *ਕਿਰਪਾ ਕਰਕੇ nyc.gov/dca 'ਤੇ ਜਾਓ।*

## ਘੱਟ ਲਾਗਤ ਵਾਲਾ ਸਿਹਤ ਬੀਮਾ

NYC ਮਨੁੱਖੀ ਸਰੋਤ ਪ੍ਰਬੰਧਨ (NYC Human Resources Administration) ਤੁਹਾਨੂੰ ਤੁਹਾਡੀਆਂ ਲੋੜਾਂ ਅਤੇ ਬਜਟ ਮੁਤਾਬਕ ਸਿਹਤ ਬੀਮੇ ਅਤੇ ਦੇਖਭਾਲ ਖੋਜਣ ਵਿੱਚ ਮਦਦ ਕਰਦਾ ਹੈ। *ਮੁਫਤ ਵਿਅਕਤੀਗਤ ਮਦਦ ਲੈਣ ਲਈ ਸਿਹਤ ਵਿਭਾਗ ਦੁਆਰਾ ਪ੍ਰਮਾਣਿਤ ਐਪਲੀਕੇਸ਼ਨ ਸਲਾਹਕਾਰ ਖੋਜਣ ਲਈ 311 'ਤੇ ਕਾਲ ਕਰੋ, nyc.gov/health 'ਤੇ ਜਾਓ ਜਾਂ NY ਰਾਜ ਦੀ ਸਿਹਤ ਵੈੱਬਸਾਈਟ nystateofhealth.ny.gov 'ਤੇ ਜਾਓ।*

## ਜਨਤਕ ਲਾਭ

ACCESS NYC ਇੱਕ ਮੁਫਤ ਸੇਵਾ ਹੈ ਜੋ ਤੁਹਾਨੂੰ ਇਹ ਜਾਣਨ ਵਿੱਚ ਮਦਦ ਕਰਦੀ ਹੈ ਕਿ ਤੁਸੀਂ 30 ਤੋਂ ਵੱਧ ਸ਼ਹਿਰੀ, ਰਾਜ, ਅਤੇ ਸੰਘੀ ਲਾਭਕਾਰੀ ਪ੍ਰੋਗਰਾਮਾਂ ਦੇ ਯੋਗ ਹੋ ਜਾਂ ਨਹੀਂ। ACCESS NYC ਰਾਹੀਂ ਤੁਸੀਂ ਕੁਝ ਪ੍ਰੋਗਰਾਮਾਂ ਲਈ ਆੱਨਲਾਈਨ ਅਰਜ਼ੀ ਦੇ ਸਕਦੇ ਹੋ। *ACCESS NYC ਬਾਰੇ ਜਾਣਕਾਰੀ ਲਈ nyc.gov/accessnyc 'ਤੇ ਜਾਓ ਜਾਂ 311 'ਤੇ ਸੰਪਰਕ ਕਰੋ।*

## ਮੁਫ਼ਤ ਆਰਥਕ ਸਲਾਹ

NYC ਆਰਥਕ ਸਸ਼ਕਤੀਕਰਨ ਕੇਂਦਰ (NYC Financial Empowerment Centers) ਆਹਮਣੇ-ਸਾਹਮਣੇ ਦੀ ਵਿਅਕਤੀਗਤ ਸਲਾਹ ਪੇਸ਼ ਕਰਦੇ ਹਨ। ਇਹ ਸੇਵਾ ਗੁਪਤ ਹੁੰਦੀ ਹੈ ਅਤੇ ਸਾਡੇ ਪੇਸ਼ੇਵਰ ਸਲਾਹਕਾਰ ਕਈ ਭਾਸ਼ਾਵਾਂ ਬੋਲਦੇ ਹਨ। *ਇੱਕ ਮੁਲਾਕਾਤ ਤੈਅ ਕਰਨ ਲਈ 311 'ਤੇ ਕਾਲ ਕਰੋ ਜਾਂ nyc.gov/dca 'ਤੇ ਜਾਓ।*

## ਟੈਕਸ ਦੀ ਮੁਫਤ ਤਿਆਰੀ

ਤੁਸੀਂ NYC ਟੈਕਸ ਦੀ ਮੁਫਤ ਤਿਆਰੀ ਦੀਆਂ ਸੇਵਾਵਾਂ ਦੇ ਯੋਗ ਹੋ ਸਕਦੇ ਹੋ, ਜਿਸ ਵਿੱਚ ਆੱਨਲਾਈਨ ਫਾਇਲਿੰਗ ਅਤੇ IRS ਦੁਆਰਾ ਪ੍ਰਮਾਣਿਤ VITA/TCE ਸਵੈਸੇਵਕ ਤਿਆਰ ਕਰਤਾ ਦੀ ਮਦਦ ਨਾਲ ਵਿਅਕਤੀਗਤ ਤੌਰ 'ਤੇ ਫਾਇਲਿੰਗ ਕਰਨਾ ਸ਼ਾਮਲ ਹੈ। *ਵਧੇਰੇ ਜਾਣਕਾਰੀ ਲਈ 311 'ਤੇ ਕਾਲ ਕਰੋ ਜਾਂ nyc.gov/taxprep 'ਤੇ ਜਾਓ।*

## ਸਿੱਖਿਆ ਅਤੇ ਸਿਖਲਾਈ ਸਬੰਧੀ ਪ੍ਰੋਗਰਾਮ

ਸ਼ਹਿਰ ਰੋਜ਼ਗਾਰ ਲੱਭਣ ਵਾਲੇ ਲੋਕਾਂ ਨੂੰ ਮੁਫਤ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ। *ਇੱਕ Workforce1 Career Center (ਕਾਰਜਬਲ 1 ਕੈਰੀਅਰ ਕੇਂਦਰ) ਖੋਜਣ ਲਈ nyc.gov/workforce1 'ਤੇ ਜਾਓ ਜਾਂ 311 'ਤੇ ਕਾਲ ਕਰੋ।*

## ਆਵਾਸ ਸਬੰਧੀ ਸਹਾਇਤਾ

ActionNYC ਤੁਹਾਨੂੰ ਤੁਹਾਡੇ ਸਮਾਜ ਵਿੱਚ ਤੁਹਾਡੀ ਭਾਸ਼ਾ ਵਿੱਚ ਸੁਰੱਖਿਅਤ, ਮੁਫਤ ਆਵਾਸ ਕਾਨੂੰਨੀ ਸਕਰੀਨਿੰਗਾਂ ਪ੍ਰਦਾਨ ਕਰਦਾ ਹੈ। *nyc.gov/actionnyc 'ਤੇ ਜਾਓ ਜਾਂ 311 'ਤੇ ਕਾਲ ਕਰੋ ਅਤੇ ਕਹੋ "ActionNYC."*

## ਅੰਗ੍ਰੇਜ਼ੀ ਦੀਆਂ ਕਲਾਸਾਂ

NYC ਵਿਭਾਗ ਦਾ ਯੂਥ ਅਤੇ ਸਾਮੂਦਾਇਕ ਵਿਕਾਸ ਦੇ ਅੰਗ੍ਰੇਜ਼ੀ ਭਾਸ਼ਾ ਪ੍ਰੋਗਰਾਮ (NYC Department of Youth and Community Development's English Language Program) ਨਿਊ ਯਾਰਕ ਵਿੱਚ ਨਵੇਂ ਆਏ ਲੋਕਾਂ ਨੂੰ ਅੰਗ੍ਰੇਜ਼ੀ ਸਿਖਾਉਣ ਲਈ ਬਣਾਇਆ ਗਿਆ ਹੈ। *ਵਧੇਰੇ ਜਾਣਕਾਰੀ ਲਈ nyc.gov/dycd 'ਤੇ ਜਾਓ।*



# NYC ਦੇ ਫ੍ਰੀਲਾਂਸ ਕਰਮਿਆਂ ਦੀ ਰੱਖਿਆ ਕਰਦਾ

## ਅਧਿਕਾਰਾਂ ਅਤੇ ਵਸੀਲਿਆਂ ਦੀ ਸੰਖੇਪ ਜਾਣਕਾਰੀ

ਪੰਜਾਬੀ ਦੇ | Punjabi

NYC Office of the Mayor

Consumer Affairs

Lorelei Salas
Commissioner

# ਜੇਕਰ ਤੁਸੀਂ NYC ਵਿੱਚ ਇੱਕ ਫ੍ਰੀਲਾਂਸ ਕਰਮੀ (ਸੁਤੰਤਰ ਰੂਪ ਨਾਲ ਕੰਮ ਕਰਨ ਵਾਲੇ) ਹੋ, ਤਾਂ ਤੁਹਾਡੇ ਕੋਲ ਹੁਣ ਕੰਮ ਦੀ ਥਾਂ ਬਾਰੇ ਸਵਾਲ ਅਤੇ ਸ਼ਿਕਾਇਤਾਂ ਕਰਨ ਲਈ ਇੱਕ ਸਮਰਪਿਤ ਸ਼ਹਿਰੀ ਵਸੀਲਾ ਮੌਜੂਦ ਹੈ: Department of Consumer Affairs (DCA) (ਗਾਹਕ ਮਾਮਲਿਆਂ ਸਬੰਧੀ ਵਿਭਾਗ) ਦੇ ਅੰਦਰ ਲੇਬਰ ਨੀਤੀ ਅਤੇ ਮਿਆਰਾਂ (Office of Labor Policy & Standards) ਦਾ ਦਫਤਰ।

DCA ਨੇ ਇਹ ਸੰਖੇਪ ਜਾਣਕਾਰੀ ਤੁਹਾਨੂੰ ਮਹੱਤਵਪੂਰਨ ਅਧਿਕਾਰਾਂ ਅਤੇ ਵਸੀਲਿਆਂ ਬਾਰੇ ਸੂਚਿਤ ਕਰਨ ਲਈ ਬਣਾਈ ਹੈ।

ਵਧੇਰੇ ਜਾਣਕਾਰੀ ਲਈ, **311 'ਤੇ ਕਾਲ ਕਰੋ** ਅਤੇ "Freelance Workers" (ਫ੍ਰੀਲਾਂਸ ਕਰਮੀ) ਦੀ ਮੰਗ ਕਰੋ ਜਾਂ **nyc.gov/dca** 'ਤੇ ਜਾਓ

## ਇਸ ਕਾਨੂੰਨ ਦੁਆਰਾ ਕੌਣ ਕਵਰਡ ਹੈ?

ਫ੍ਰੀਲਾਂਸ ਮੁਫ਼ਤ ਨਹੀਂ ਐਕਟ ਦੇ ਤਹਿਤ, ਜੋ ਕਿ 15 ਮਈ, 2017 ਨੂੰ ਪ੍ਰਭਾਵੀ ਹੋਇਆ ਹੈ, **ਫ੍ਰੀਲਾਂਸ ਵਰਕਰ** ਇੱਕ ਭਰਤੀ ਕਰਨ ਵਾਲੀ ਪਾਰਟੀ ਦੁਆਰਾ ਮੁਆਵਜ਼ੇ ਵਜੋਂ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਸੁਤੰਤਰ ਠੇਕੇਦਾਰ ਦੇ ਤੌਰ ਤੇ ਨਿਯੁਕਤ ਕੀਤਾ ਗਿਆ ਜਾਂ ਰੱਖਿਆ ਗਿਆ ਵਿਅਕਤੀ ਹੈ।

ਫ੍ਰੀਲਾਂਸਰ ਕਈ ਵੱਖ-ਵੱਖ ਉਦਯੋਗਾਂ ਵਿੱਚ ਕੰਮ ਕਰਦੇ ਹਨ। ਫ੍ਰੀਲਾਂਸ ਵਰਕਰਾਂ ਲਈ ਸਭ ਤੋਂ ਆਮ ਉਦਯੋਗਾਂ 'ਚੋਂ ਕੁਝ ਵਿੱਚ ਸ਼ਾਮਲ ਹਨ:

- ਫ਼ਿਲਮ ਅਤੇ ਵੀਡਿਓ
- ਗ੍ਰਾਫਿਕ ਅਤੇ ਵੈਬ ਡਿਜ਼ਾਇਨ
- ਘਰ ਬਣਾਉਣ ਅਤੇ ਮੁਰੰਮਤ ਲਈ
- ਮੀਡੀਆ
- ਫੋਟੋਗ੍ਰਾਫੀ
- ਅਨੁਵਾਦ

***ਅਪਵਾਦ:***

ਕੁਝ ਵਿਕਰੀ ਨੁਮਾਇੰਦੀਆਂ, ਅਟਾਰਨੀ, ਅਤੇ ਲਸੰਸਸ਼ੁਦਾ ਮੈਡੀਕਲ ਪੇਸ਼ੇਵਰਾਂ ਨੂੰ ਫ੍ਰੀਲਾਂਸ ਵਰਕਰ ਦੀ ਪਰਿਭਾਸ਼ਾ ਤੋਂ ਬਾਹਰ ਰੱਖਿਆ ਗਿਆ ਹੈ।

ਕਾਨੂੰਨ ਆਮ ਤੌਰ ਤੇ ਸਾਮੂਹਿਕ ਸੌਦੇਬਾਜ਼ੀ ਸਮਝੌਤੇ ਦੇ ਤਹਿਤ ਕੀਤੇ ਗਏ ਕੰਮ 'ਤੇ ਲਾਗੂ ਨਹੀਂ ਹੁੰਦਾ ਜਿਹੜਾ ਵਰਕਰਾਂ ਨੂੰ ਕਰਮਚਾਰੀਆਂ ਦੇ ਤੌਰ ਤੇ ਪਰਿਭਾਸ਼ਿਤ ਕਰਦਾ ਹੈ।

ਕੀ ਤੁਸੀਂ "ਸੁਤੰਤਰ ਠੇਕੇਦਾਰ" ਹੋ ਜਾਂ ਨਹੀਂ, ਇਹ ਵੱਖ-ਵੱਖ ਕਾਰਕਾਂ ਅਤੇ ਤੁਹਾਡੇ ਕੰਮ ਦੀ ਵਿਵਸਥਾ ਦੀ ਕਿਸਮ ਤੇ ਨਿਰਭਰ ਕਰਦਾ ਹੈ। ਇਹ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਕਿ ਕੀ ਤੁਹਾਡੇ ਕੋਲ ਕੰਮ ਦਾ ਸਹੀ ਵਰਗੀਕਰਨ ਹੈ, ਕਿਰਪਾ ਕਰਕੇ **nyc.gov/dca** 'ਤੇ ਜਾਓ। ਇੱਕ ਫ੍ਰੀਲਾਂਸ ਕਰਮੀ, ਸੁਤੰਤਰ ਠੇਕੇਦਾਰ, ਜਾਂ ਕਰਮਚਾਰੀ ਦੇ ਤੌਰ ਤੇ ਆਪਣੇ ਵਰਗੀਕਰਨ ਬਾਰੇ ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਤੁਸੀਂ DCA ਨਾਲ **freelancer@dca.nyc.gov** ਤੇ ਸੰਪਰਕ ਕਰ ਸਕਦੇ ਹੋ।

ਇੱਕ **ਭਰਤੀ ਕਰਨ ਵਾਲੀ ਪਾਰਟੀ** ਇੱਕ ਸਰਕਾਰੀ ਸੰਸਥਾ ਤੋਂ ਇਲਾਵਾ, ਕੋਈ ਵੀ ਅਜਿਹਾ ਵਿਅਕਤੀ ਹੈ, ਜੋ ਕਿਸੇ ਫ੍ਰੀਲਾਂਸ ਕਰਮੀ ਨੂੰ ਕੰਮ ਤੇ ਨਿਯੁਕਤ ਕਰਦਾ ਹੈ।

## ਤੁਹਾਡੇ ਅਧਿਕਾਰ

**ਭਾਵੇਂ ਤੁਹਾਡੀ ਆਵਾਸ ਸਥਿਤੀ ਕੋਈ ਵੀ ਕਿਉਂ ਨਾ ਹੋਵੇ, ਤੁਹਾਡੇ ਕੋਲ ਅਧਿਕਾਰ ਹੁੰਦੇ ਹਨ।**

### ਲਿਖਤ ਇਕਰਾਰਨਾਮਾ



$800 ਜਾਂ ਉਸ ਤੋਂ ਵੱਧ ਦੇ ਸਾਰੇ ਇਕਰਾਰਨਾਮੇ ਲਿਖਤ ਵਿੱਚ ਹੋਣੇ ਜ਼ਰੂਰੀ ਹਨ। ਇਸ ਵਿੱਚ ਉਹ ਸਾਰੇ ਇਕਰਾਰਨਾਮੇ ਸ਼ਾਮਲ ਹਨ ਜੋ ਤੁਹਾਡੇ ਅਤੇ ਭਰਤੀ ਕਰਨ ਵਾਲੀ ਪਾਰਟੀ ਦੇ ਦਰਮਿਆਨ ਹੋਏ ਹਨ ਜਿਸਦਾ ਕੁੱਲ ਕਿਸੀ 120 ਦਿਨਾਂ ਦੀ ਮਿਆਦ ਵਿੱਚ $800 ਹੈ। ਲਿਖਤੀ ਇਕਰਾਰਨਾਮੇ ਵਿੱਚ ਤੁਹਾਡੇ ਦੁਆਰਾ ਕੀਤੇ ਗਏ ਕੰਮ; ਕੰਮ ਲਈ ਤਨਖਾਹ; ਅਤੇ ਜਿਸ ਤਾਰੀਖ਼ ਨੂੰ ਤੁਸੀਂ ਭੁਗਤਾਨ ਕਰਦੇ ਹੋ, ਨੂੰ ਸਪੱਸ਼ਟ ਕੀਤਾ ਜਾਣਾ ਜ਼ਰੂਰੀ ਹੈ। ਤੁਹਾਨੂੰ ਅਤੇ ਭਰਤੀ ਕਰਨ ਵਾਲੇ ਪਾਰਟੀ ਨੂੰ ਲਿਖਤੀ ਇਕਰਾਰਨਾਮੇ ਦੀ ਇੱਕ ਕਾਪੀ ਆਪਣੇ ਕੋਲ ਰੱਖਣਾ ਜ਼ਰੂਰੀ ਹੈ।

### ਸਮੇਂ ਸਿਰ ਭੁਗਤਾਨ



ਭਰਤੀ ਕਰਨ ਵਾਲੀ ਪਾਰਟੀ ਨੂੰ ਸਾਰੇ ਕੰਮ ਲਈ ਤੁਹਾਨੂੰ ਭੁਗਤਾਨ ਕਰਨਾ ਚਾਹੀਦਾ ਹੈ। ਤੁਹਾਨੂੰ ਇਕਰਾਰਨਾਮੇ ਵਿੱਚ ਦਿੱਤੀ ਤਾਰੀਖ ਤੇ ਜਾਂ ਉਸ ਤੋਂ ਪਹਿਲਾਂ ਭੁਗਤਾਨ ਪ੍ਰਾਪਤ ਕੀਤਾ ਜਾਣਾ ਜ਼ਰੂਰੀ ਹੈ। ਜੇ ਇਕਰਾਰਨਾਮੇ ਵਿੱਚ ਭੁਗਤਾਨ ਦੀ ਤਾਰੀਖ ਸ਼ਾਮਲ ਨਹੀਂ ਹੁੰਦੀ ਹੈ, ਤਾਂ ਭਰਤੀ ਕਰਨ ਵਾਲੀ ਪਾਰਟੀ ਨੂੰ ਕੰਮ ਪੂਰਾ ਕਰਨ ਤੋਂ ਬਾਅਦ 30 ਦਿਨਾਂ ਦੇ ਅੰਦਰ ਤੁਹਾਨੂੰ ਭੁਗਤਾਨ ਕਰਨਾ ਪਵੇਗਾ।

### ਬਦਲਾ ਲੈਣ ਤੋਂ ਆਜ਼ਾਦੀ



ਕਿਸੇ ਭਰਤੀ ਕਰਨ ਵਾਲੇ ਪਾਰਟੀ ਦਾ ਤੁਹਾਨੂੰ ਸਜ਼ਾ ਦੇਣਾ, ਧਮਕੀ ਦੇਣਾ ਜਾਂ ਤੁਹਾਨੂੰ ਬਲੈਕ ਲਿਸਟ ਕਰਨਾ ਗੈਰ-ਕਾਨੂੰਨੀ ਹੈ ਕਿਉਂਕਿ ਤੁਸੀਂ ਆਪਣੇ ਅਧਿਕਾਰਾਂ ਦਾ ਇਸਤੇਮਾਲ ਕੀਤਾ ਸੀ।

### ਭੇਦਭਾਵ ਤੋਂ ਆਜ਼ਾਦੀ



NYC ਮਨੁੱਖੀ ਅਧਿਕਾਰ ਕਾਨੂੰਨ (NYC Human Rights Law) ਨਿਊਯਾਰਕ ਦੀ ਵਾਸੀਆਂ ਦੀ ਬਹੁਤ ਕਿਸਮਾਂ ਦੇ ਭੇਦਭਾਵ ਤੋਂ ਰੱਖਿਆ ਕਰਦਾ ਹੈ। *ਜੇਕਰ ਤੁਹਾਡੇ ਨਾਲ ਭੇਦਭਾਵ ਹੋਇਆ ਹੈ, ਤਾਂ NYC ਆਯੋਗ ਦੀ ਮਨੁੱਖੀ ਅਧਿਕਾਰ ਇੰਫੋਲਾਈਨ (NYC Commission on Human Rights Infoline) ਨੂੰ 311 'ਤੇ ਕਾਲ ਕਰੋ।*

### ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ




ਤੁਸੀਂ DCA ਦੇ ਲੇਬਰ ਨੀਤੀ ਅਤੇ ਮਿਆਰਾਂ ਦੇ ਦਫਤਰ (DCA's Office of Labor Policy & Standards) ਕੋਲ ਇੱਕ ਸ਼ਿਕਾਇਤ ਦਾਇਰ ਕਰ ਸਕਦੇ ਹੋ। DCA ਭਰਤੀ ਕਰਨ ਵਾਲੀ ਪਾਰਟੀ ਨੂੰ ਸੂਚਿਤ ਕਰੇਗਾ ਜਿੰਨਾਂ ਦਾ ਇਸ ਸ਼ਿਕਾਇਤ ਬਾਰੇ 20 ਦਿਨਾਂ ਦੇ ਅੰਦਰ-ਅੰਦਰ ਜਵਾਬ ਦੇਣਾ ਜ਼ਰੂਰੀ ਹੈ। DCA ਤੁਹਾਨੂੰ ਵਕੀਲ ਲੱਭਣ, ਅਦਾਲਤ ਦੀ ਪ੍ਰਕਿਰਿਆ ਨੂੰ ਸਮਝਣ ਅਤੇ ਹੋਰ ਵੀ ਬਹੁਤ ਕੁਝ ਬਾਰੇ ਜਾਣਕਾਰੀ ਪ੍ਰਦਾਨ ਕਰੇਗਾ। *ਸ਼ਿਕਾਇਤ ਫਾਰਮ ਨੂੰ nyc.gov/dca ਤੋਂ ਡਾਊਨਲੋਡ ਕਰੋ ਜਾਂ 311 'ਤੇ ਕਾਲ ਕਰੋ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ freelancer@dca.nyc.gov. 'ਤੇ ਈਮੇਲ ਭੇਜੋ।*

### ਮੁਕੱਦਮਾ ਕਰਨ ਦਾ ਹੱਕ



ਤੁਸੀਂ ਹਰਜਾਨੇ ਦੀ ਭਰਪਾਈ ਲਈ ਅਦਾਲਤ ਵਿੱਚ ਭਰਤੀ ਕਰਨ ਵਾਲੇ ਪਾਰਟੀ 'ਤੇ ਮੁਕੱਦਮਾ ਕਰ ਸਕਦੇ ਹੋ। ਜੇ ਤੁਹਾਨੂੰ ਆਪਣੇ ਕੰਮ ਲਈ ਸਮੇਂ ਸਿਰ ਅਦਾਇਗੀ ਨਹੀਂ ਕੀਤੀ ਗਈ, ਤਾਂ ਤੁਹਾਡੇ ਕੋਲ ਉਸ ਰਕਮ ਜੋ ਤੁਹਾਨੂੰ ਅਦਾ ਨਹੀਂ ਕੀਤੀ ਗਈ, ਉਸ ਦੀ ਦੁੱਗਣੀ ਰਕਮ ਲੈਣ ਦਾ, ਬਦਲੇ ਲਈ ਹਰਜਾਨਾ ਲੈਣ ਦਾ, ਅਤੇ ਅਟਾਰਨੀ ਫੀਸਾਂ ਅਤੇ ਖਰਚਿਆਂ ਦਾ ਭੁਗਤਾਨ ਇਕੱਠਾ ਕਰਨ ਦਾ ਹੱਕ ਹੈ।